*ਅਨੁਪੂਰਕ ਸੂਚੀ*

# ਪੰਜਾਬ ਵਿਧਾਨ ਸਭਾ

## ਬਾਰ੍ਹਵਾਂ ਸਮਾਗਮ

**ਸੋਮਵਾਰ 16 ਮਾਰਚ 2026**

ਨੂੰ ਹੋਈ ਪੰਜਾਬ ਵਿਧਾਨ ਸਭਾ ਦੀ ਬੈਠਕ ਲਈ ਬਿਨਾਂ ਨਿਸ਼ਾਨ (ਨਿਸ਼ਾਨ ਵਾਲੇ ਪ੍ਰਸ਼ਨਾਂ ਤੋਂ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨਾਂ ਵਿੱਚ ਤਬਦੀਲ ਕੀਤੇ ਗਏ ) ਪ੍ਰਸ਼ਨਾਂ ਦੀ ਸੂਚੀ

**ਸਾਰੇ ਵਰਗਾਂ ਦੇ ਬੱਚਿਆਂ ਨੂੰ ਇੱਕਸਾਰ ਸਿੱਖਿਆ ਪ੍ਰਦਾਨ ਕਰਨਾ**

***1655(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ:-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਰਾਜ ਵਿੱਚ ਗ਼ਰੀਬ, ਮੱਧ ਵਰਗ ਅਤੇ ਅਮੀਰ ਵਰਗ ਦੇ ਬੱਚੇ ਆਪਣੇ ਪਰਿਵਾਰ ਦੀ ਆਰਥਿਕ ਹੈਸੀਅਤ ਮੁਤਾਬਕ ਵੱਖ-ਵੱਖ ਪੱਧਰ ਦੀ ਸਿੱਖਿਆ ਹਾਸਲ ਕਰਦੇ ਹਨ ਅਤੇ ਉਨ੍ਹਾਂ ਦੀਆਂ ਇੱਕੋ ਕਲਾਸ ਦੀਆਂ ਕਿਤਾਬਾਂ, ਵਰਦੀਆਂ, ਮੀਡੀਅਮ ਅਤੇ ਸਕੂਲਾਂ ਦੀਆਂ ਬਿਲਡਿੰਗਾਂ,ਇੰਨਫ਼ਰਾਸਟੱਕਚਰ ਆਦਿ ਵਿੱਚ ਵੱਡਾ ਅੰਤਰ ਹੈ;

**ਅ)** ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸਰਕਾਰ ਰਾਜ ਦੇ ਸਾਰੇ ਵਰਗਾਂ ਦੇ ਬੱਚਿਆਂ ਨੂੰ ਸਾਰੇ ਰਾਜ ਵਿੱਚ ਇੱਕਸਾਰ ਸਿੱਖਿਆ ਪ੍ਰਦਾਨ ਕਰਵਾਉਂਣ ਲਈ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਕੁੱਤਿਆਂ ਦੁਆਰਾ ਜ਼ਖ਼ਮੀ ਲੋਕਾਂ ਨੂੰ ਮੁਆਵਜ਼ਾ ਦੇਣਾ**

***1656(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵੱਲੋਂ ਸਥਾਨਕ ਸਰਕਾਰਾਂ ਵਿਭਾਗ ਨੂੰ ਕੁੱਤਿਆਂ ਦੁਆਰਾ ਕੱਟੇ ਜਾਣ ਵਾਲੇ ਜ਼ਖ਼ਮੀ ਵਿਆਕਤੀਆਂ ਨੂੰ ਮੁਆਵਜਾ ਦੇਣ ਦੇ ਹੁਕਮਾਂ ਦੀ ਵਿਭਾਗ ਵੱਲੋਂ ਇੰਨ-ਬਿੰਨ ਪਾਲਣਾ ਕੀਤੀ ਜਾ ਰਹੀ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਜੂਨ, 2024 ਤੋਂ ਹੁਣ ਤੱਕ ਮਹੀਨਾਵਾਰ ਕੁੱਤਿਆਂ ਦੁਆਰਾ ਕੱਟੇ ਜਾਣ ਦੇ ਕਿੰਨੇ ਕੇਸ ਹੋਏ ਹਨ, ਕਿੰਨੇ ਜ਼ਖ਼ਮੀ ਲੋਕਾਂ ਨੇ ਮੁਆਵਜ਼ੇ ਲਈ ਕਦੋਂ ਅਪਲਾਈ ਕੀਤਾ ਸੀ ਅਤੇ ਕਿੰਨੇ ਲੋਕਾਂ ਨੂੰ ਕਿੰਨਾਂ ਮੁਆਵਜਾ ਕਦੋਂ-ਕਦੋਂ ਦਿੱਤਾ ਗਿਆ;

ੲ) ਸ਼ਹਿਰਾਂ ਵਿੱਚ ਅਵਾਰਾ ਕੁੱਤਿਆਂ ਅਤੇ ਪਸ਼ੂਆਂ ਤੇ ਕਾਬੂ ਪਾਉਣ ਲਈ ਕਿਹੜੇ-ਕਿਹੜੇ ਪ੍ਰਬੰਧ ਕੀਤੇ ਗਏ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਕਿਸਾਨਾਂ ਨੂੰ ਯੂਰੀਆ ਅਤੇ ਡੀ.ਏ.ਪੀ ਲੋੜੀਂਦੀ ਖਾਦ ਦੀ ਪਰੋਪਰ ਸਪਲਾਈ ਸਮੇਂ ਸਿਰ ਸਬਸਿਡੀ ਰੇਟ ਤੇ ਮੁਹੱਈਆ ਕਰਵਾਉਣਾ**

***1657(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਸੂਬੇ ਵਿੱਚ ਕਿਸਾਨਾਂ ਨੂੰ ਹਰ ਸਾਲ ਯੂਰੀਆ ਅਤੇ ਡੀ.ਏ.ਪੀ ਖਾਦ ਦੀ ਘਾਟ ਕਾਰਨ ਪੇਸ਼ ਆਉਂਦੀ ਦਿੱਕਤ ਅਤੇ ਪ੍ਰਾਈਵੇਟ ਸਪਲਾਇਰਜ਼ ਦੁਆਰਾ ਕਿਸਾਨਾਂ ਦੇ ਸ਼ੋਸ਼ਣ ਨੂੰ ਰੋਕਣ ਲਈ, ਕਿਸਾਨਾਂ ਦੁਆਰਾ ਬੀਜੀ ਗਈ ਫ਼ਸਲ ਦੀ ਰੇਸ਼ੋ ਅਨੁਸਾਰ ਯੂਰੀਆ ਅਤੇ ਡੀ.ਏ.ਪੀ ਦੀ ਲੋੜੀਂਦੀ ਖਾਦ ਦੀ

ਪਰੋਪਰ ਸਪਲਾਈ ਸਬਸਿਡੀ ਰੇਟ ਤੇ ਸਮੇਂ ਸਿਰ ਮੁਹੱਈਆ ਕਰਵਾਉਂਣ ਨੂੰ ਯਕੀਨੀ ਬਣਾਉਣ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ ਹਾਂ ਤਾਂ ਕਦੋਂ ਤੱਕ ?

**'ਕੈਬਨਿਟ ਸਬ-ਕਮੇਟੀ' ਵੱਲੋਂ ਮੁਲਾਜ਼ਮਾਂ ਦੇ ਹੱਲ ਕੀਤੇ ਮਸਲਿਆਂ ਦੇ ਵੇਰਵੇ**

***1658(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਰਚ, 2022 ਤੋਂ ਰਾਜ ਸਰਕਾਰ ਵੱਲੋਂ ਸੂਬੇ ਦੇ ਮੁਲਾਜ਼ਮਾਂ ਦੇ ਮਸਲਿਆਂ ਦੇ ਹੱਲ ਕਰਨ ਲਈ ਗਠਿਤ 'ਕੈਬਨਿਟ ਸਬ-ਕਮੇਟੀ' ਦੇ ਕਿਹੜੇ-ਕਿਹੜੇ ਵਜ਼ੀਰ ਮੈਂਬਰ ਹਨ; ਕਮੇਟੀ ਦੀਆਂ ਕਿੱਥੇ ਕਿੰਨੀਆਂ ਮੀਟਿੰਗਾਂ ਕਿਹਨਾਂ/ਕਿਹੜੀਆਂ ਜਥੇਬੰਦੀਆਂ ਨਾਲ ਹੋਈਆਂ ਹਨ ਅਤੇ ਕਮੇਟੀ ਵੱਲੋਂ ਹੁਣ ਤੱਕ ਮੁਲਾਜ਼ਮਾਂ ਦੇ ਕਿਹੜੇ-ਕਿਹੜੇ ਮਸਲੇ ਹੱਲ ਕਰ ਦਿੱਤੇ ਗਏ ਹਨ, ਕਿਹੜੇ ਮਸਲੇ ਅਜੇ ਪੈਂਡਿੰਗ ਹਨ ਅਤੇ ਇਨ੍ਹਾਂ ਪੈਡਿੰਗ ਮਸਲਿਆਂ ਨੂੰ ਕਦੋਂ ਤੱਕ ਹੱਲ ਕਰ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਮਹਾਤਮਾ ਗਾਂਧੀ ਦਿਹਾਤੀ ਰੁਜ਼ਗਾਰ ਗਰੰਟੀ (ਮਗਨਰੇਗਾ) ਸਕੀਮ ਅਧੀਨ ਕੰਮ ਕਰ ਰਹੇ ਕਰਮਚਾਰੀਆਂ ਨੂੰ ਰੈਗੂਲਰ ਕਰਨਾ**

***1660(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ:-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਰਾਜ ਵਿੱਚ ਮਹਾਤਮਾ ਗਾਂਧੀ ਦਿਹਾਤੀ ਰੁਜ਼ਗਾਰ ਗਰੰਟੀ (ਮਗਨਰੇਗਾ) ਸਕੀਮ ਨੂੰ ਲਾਗੂ ਕਰਨ ਅਤੇ ਪ੍ਰਬੰਧਨ ਕਰਨ ਵਿੱਚ ਸਹਾਇਤਾ ਕਰਨ ਲਈ ਕਿੰਨੇ-ਕਿੰਨੇ ਕਰਮਚਾਰੀ ਕਦੋਂ-ਕਦੋਂ ਠੇਕੇ ਤੇ ਭਰਤੀ ਕੀਤੇ ਗਏ ਸਨ ਅਤੇ ਇਨ੍ਹਾਂ ਕਰਮਚਾਰੀਆਂ ਨੂੰ ਪ੍ਰਤੀ ਮਹੀਨਾ ਕਿੰਨੀ-ਕਿੰਨੀ ਤਨਖ਼ਾਹ ਦਿੱਤੀ ਜਾ ਰਹੀ ਹੈ;

(ਅ) ਕੀ ਇਨ੍ਹਾਂ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਜਾਂ ਭਵਿੱਖ ਵਿੱਚ ਇਨ੍ਹਾਂ ਦੀਆਂ ਸੇਵਾਵਾਂ ਨੂੰ ਸੁਰੱਖਿਅਤ ਰੱਖਣ ਨੂੰ ਯਕੀਨੀ ਬਣਾਉਂਣ ਦੀ ਕੋਈ ਤਜ਼ਵੀਜ ਸਰਕਾਰ ਦੇ ਵਿਚਾਰ ਅਧੀਨ ਹੈ;

(ੲ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਕਰਮਚਾਰੀਆਂ ਦੀ ਭਰਤੀ ਵਿੱਚ ਲੋੜੀਂਦੀ ਸੰਵਿਧਾਨਿਕ ਰਿਜ਼ਰਵੇਸ਼ਨ ਪਾਲਿਸੀ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਨੂੰ ਲੋੜੀਂਦੀ ਪ੍ਰਤੀਨਿਧਤਾ ਦਿੱਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਪਿੰਡ ਮਕੌੜਾ ਪੱਤਣ ਵਿਖੇ ਰਾਵੀ ਨਦੀ ਉੱਤੇ ਬੈਰਾਜ ਅਤੇ ਉੱਚ ਪੱਧਰੀ ਪੁਲ ਦੀ ਤਾਜਾ ਸਥਿਤੀ**

***1673(ਸੀ.ਯੂ.) ਸ਼੍ਰੀਮਤੀ ਅਰੁਣਾ ਚੌਧਰੀ:-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਦੀਨਾਨਗਰ ਹਲਕੇ ਦੇ ਪਿੰਡ ਮਕੌੜਾ ਪੱਤਣ ਵਿਖੇ ਰਾਵੀ ਨਦੀ ਉੱਤੇ ਬੈਰਾਜ ਅਤੇ ਉੱਚ ਪੱਧਰੀ ਪੁਲ ਦੀ ਉਸਾਰੀ ਦਾ ਪ੍ਰਸਤਾਵ ਸਰਕਾਰ ਦੁਆਰਾ ਪਹਿਲਾਂ ਹੀ ਮਨਜ਼ੂਰ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਪ੍ਰੋਜੈਕਟ ਤੇ ਕੰਮ ਸ਼ੁਰੂ ਕਰਨ ਲਈ ਸਰਕਾਰ ਦਾ ਕੀ ਪ੍ਰਸਤਾਵ ਹੈ ਅਤੇ ਇਹ ਕਦੋਂ ਤੱਕ ਪੂਰਾ ਹੋਵੇਗਾ?

**ਪੰਜਾਬ ਦੇ ਸਾਰੇ ਦਫ਼ਤਰਾਂ ਵਿੱਚ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ**

***1677(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ:-**

ਕੀ ਉੱਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਪੰਜਾਬ ਦੇ ਬਹੁਤ ਸਾਰੇ ਵਿਭਾਗ, ਭਾਸ਼ਾ ਵਿਭਾਗ ਪੰਜਾਬ ਵੱਲੋਂ ਵਾਰ-ਵਾਰ ਚਿੱਠੀਆਂ ਲਿਖਣ ਦੇ ਬਾਵਜੂਦ ਵੀ ਪੰਜਾਬੀ ਭਾਸ਼ਾ ਵਿੱਚ ਕੰਮ ਨਹੀਂ ਕਰ ਰਹੇ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਅਜਿਹੇ ਕਿਹੜੇ-ਕਿਹੜੇ ਵਿਭਾਗ ਹਨ ਅਤੇ ਇਨ੍ਹਾਂ ਵਿੱਚ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਲਾਗੂ ਨਾ ਕਰਨ ਵਾਲੇ ਅਧਿਕਾਰੀਆਂ ਖਿਲਾਫ਼ 'ਪੰਜਾਬ ਰਾਜ ਭਾਸ਼ਾ ਤਰਮੀਮ ਐਕਟ, 2008 ਦੇ ਹੋਂਦ ਵਿੱਚ ਆਉਂਣ ਤੋਂ ਹੁਣ ਤੱਕ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਗਈ ਹੈ;

ੲ) ਪੰਜਾਬੀ ਭਾਸ਼ਾ ਨੂੰ ਪੰਜਾਬ ਦੇ ਸਾਰੇ ਵਿਭਾਗਾਂ ਵਿੱਚ ਹਰ ਹੀਲੇ ਪੂਰੀ ਤਰ੍ਹਾਂ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਕੀ ਸਖ਼ਤ ਕਦਮ ਚੁੱਕੇ ਜਾ ਰਹੇ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਜਲਾਲਾਬਾਦ ਦੇ ਸਰਕਾਰੀ ਗਰਲਜ਼ ਕਾਲਜ਼ ਦੀ ਐਫਿਲੀਏਸ਼ਨ ਸਥਾਈ ਤੌਰ ਤੇ ਕਰਨ ਸਬੰਧੀ**

***1681(ਸੀ.ਯੂ.) ਸ੍ਰੀ ਜਗਦੀਪ ਕੰਬੋਜ਼ ਗੋਲਡੀ:-**

ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਜਲਾਲਾਬਾਦ ਦੇ ਸਰਕਾਰੀ ਗਰਲਜ਼ ਕਾਲਜ਼ ਦੀ ਐਫਿਲੀਏਸ਼ਨ ਸਥਾਈ ਤੌਰ ਤੇ ਹੈ?

**ਪੰਜਾਬ ਵਿੱਚ ਟਾਰਗੇਟਿਡ ਸ਼ੂਟਿੰਗਜ਼ ਅਤੇ ਕਿਲਿੰਗਜ਼ ਦੇ ਵੇਰਵੇ**

***1684(ਸੀ.ਯੂ.) ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2023-24, 2024-25 ਅਤੇ 2025-26 (ਹੁਣ ਤੱਕ) ਪੰਜਾਬ ਵਿੱਚ ਟਾਰਗੇਟਿਡ ਸ਼ੂਟਿੰਗਜ਼ ਅਤੇ ਟਾਰਗੇਟਿਡ ਕਿਲਿੰਗਜ਼ ਦੀ ਜਿਲ੍ਹਾ-ਵਾਰ ਅਤੇ ਸਾਲਵਾਰ ਗਿਣਤੀ ਕਿੰਨੀ-ਕਿੰਨੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਪ੍ਰਿੰਸੀਪਲਾਂ, ਹੈੱਡਮਾਸਟਰਾਂ ਅਤੇ ਹੈੱਡ ਟੀਚਰਾਂ ਤੋਂ ਬਿਨਾਂ ਕੰਮ ਕਰ ਰਹੇ ਸਰਕਾਰੀ ਸਕੂਲਾਂ ਦੇ ਵੇਰਵੇ**

***1685(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ:-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) 1 ਫਰਵਰੀ, 2026 ਤੱਕ ਸਥਾਈ ਪ੍ਰਿੰਸੀਪਲਾਂ, ਹੈੱਡਮਾਸਟਰਾਂ ਅਤੇ ਹੈੱਡ ਟੀਚਰਾਂ ਤੋਂ ਬਿਨਾਂ ਕੰਮ ਕਰ ਰਹੇ ਸਰਕਾਰੀ ਸੀਨੀਅਰ ਸੈਕੰਡਰੀ, ਹਾਈ , ਮਿਡਲ ਅਤੇ ਪ੍ਰਾਇਮਰੀ ਸਕੂਲਾਂ ਦੀ ਜ਼ਿਲ੍ਹਾ -ਵਾਰ ਗਿਣਤੀ ਕਿੰਨੀ ਹੈ;

ਅ) ਕੀ ਇਹ ਠੀਕ ਹੈ ਕਿ ਮਾਨਸਾ ਅਤੇ ਬਰਨਾਲਾ ਵਰਗੇ ਕੁਝ ਜ਼ਿਲ੍ਹਿਆਂ ਵਿੱਚ 75 ਪ੍ਰਤੀਸ਼ਤ ਤੋਂ ਵੱਧ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਇਸ ਵੇਲੇ "ਹੈਡਲੇਸ ' ਹਨ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਪ੍ਰਸ਼ਾਸਕੀ ਕਾਰਨ ਅਤੇ ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਲਈ ਕੀ ਕਦਮ ਚੁੱਕੇ ਗਏ ਹਨ;

ੲ) ਕੁੱਲ ਸਕੂਲਾਂ ਦੀ ਗਿਣਤੀ ਜਿੱਥੇ ਅਧਿਆਪਕ ਜਾਂ ਲੈਕਚਰਾਰ ਪ੍ਰਿੰਸੀਪਲ ਦੇ ਅਹੁਦੇ ਦਾ "ਵਾਧੂ ਚਾਰਜ" ਸੰਭਾਲ ਰਹੇ ਹਨ, ਜਿਸ ਵਿੱਚ ਹਰੇਕ ਜ਼ਿਲ੍ਹੇ ਵਿੱਚ ਅਜਿਹੇ ਸਕੂਲਾਂ ਦੀ ਗਿਣਤੀ ਸ਼ਾਮਲ ਹੈ, ਅਤੇ ਅਜਿਹੇ ਪ੍ਰਬੰਧ ਦਾ ਅਕਾਦਮਿਕ ਨਤੀਜਿਆਂ, ਪ੍ਰਬੰਧਕੀ ਕੁਸ਼ਲਤਾ, ਸਕੂਲ ਅਨੁਸ਼ਾਸਨ ਅਤੇ ਵਿਕਾਸ 'ਤੇ ਕੀ ਅਸਰ ਪਿਆ ਹੈ;

ਸ) ਉਹ ਸਮਾਂ ਸੀਮਾ ਕੀ ਹੈ ਜਿਸ ਦੁਆਰਾ ਸਰਕਾਰ ਨੇ ਹਾਲ ਹੀ ਵਿੱਚ ਸੋਧੇ ਹੋਏ ਤਰੱਕੀ ਕੋਟੇ (75 ਪ੍ਰਤੀਸ਼ਤ ਕੋਟਾ) ਅਤੇ ਸਿੱਧੀ ਭਰਤੀ ਰਾਹੀਂ ਇਨ੍ਹਾਂ ਅਸਾਮੀਆਂ ਨੂੰ ਭਰਨ ਦਾ ਪ੍ਰਸਤਾਵ ਰੱਖਿਆ ਹੈ; ਜ਼ਿਲ੍ਹਾ-ਵਾਰ ਦੱਸਿਆ ਜਾਵੇ;

ਹ) ਸਕੂਲ ਮੁਖੀਆਂ (ਪ੍ਰਿੰਸੀਪਲਾਂ, ਹੈੱਡਮਾਸਟਰਾਂ ਅਤੇ ਹੈੱਡ ਟੀਚਰਾਂ) ਦੀ ਸਿਖਲਾਈ ਅਤੇ ਭਰਤੀ ਲਈ 2025-26 ਵਿੱਤੀ ਸਾਲ ਵਿੱਚ ਅਲਾਟ ਕੀਤਾ ਗਿਆ ਕੁੱਲ ਬਜਟ ਕਿੰਨਾ ਹੈ ਅਤੇ ਇਸ ਉੱਤੇ ਹੁਣ ਤੱਕ ਕੀਤਾ ਗਿਆ ਅਸਲ ਖਰਚਾ ਕਿੰਨਾ ਹੈ ?

**ਪੰਜਾਬ ਵਿੱਚ ਐੱਚ. ਆਈ. ਵੀ./ਏਡਜ਼ ਦੇ ਵੱਧ ਰਹੇ ਮਰੀਜ਼ਾਂ ਸਬੰਧੀ**

***1688(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ:-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਕੀ ਇਹ ਠੀਕ ਹੈ ਕਿ ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੇ ਤਾਜ਼ਾ ਅੰਕੜਿਆਂ ਅਨੁਸਾਰ ਹੁਣ ਤੱਕ ਸਾਰੇ ਉੱਤਰੀ ਰਾਜਾਂ ਵਿੱਚੋਂ ਪੰਜਾਬ ਵਿੱਚ ਸਭ ਤੋਂ ਵੱਧ ਐੱਚ.ਆਈ.ਵੀ. ਮਰੀਜ਼ਾਂ ਦੀ ਗਿਣਤੀ ਹੈ, ਜੋ ਕਿ 2020-21 ਵਿੱਚ 57,172 ਤੋਂ ਵੱਧ ਕੇ 2024-25 ਵਿੱਚ 89,159 ਹੋ ਗਈ ਹੈ;

(ਅ) ਕੀ ਇਹ ਵੀ ਠੀਕ ਹੈ ਕਿ ਸਾਲ 2024 ਵਿੱਚ ਭਾਰਤ ਵਿੱਚ ਇਨਫੈਕਸ਼ਨ ਦੇ ਨਵੇਂ ਮਾਮਲਿਆਂ ਦੀ ਦੂਜੀ ਸਭ ਤੋਂ ਵੱਡੀ ਗਿਣਤੀ ਪੰਜਾਬ ਵਿੱਚ ਦਰਜ ਕੀਤੀ ਗਈ ਸੀ ਅਤੇ ਇਸੇ ਸਮੇਂ ਦੌਰਾਨ ਰਾਜ ਵਿੱਚ ਐੱਚ.ਆਈ.ਵੀ. ਨਾਲ ਸਬੰਧਤ ਮੌਤਾਂ 430 ਤੋਂ ਦੁੱਗਣੀਆਂ ਹੋ ਕੇ 961 ਹੋ ਗਈਆਂ ਹਨ;

(ੲ) ਕੀ ਨਾੜੀ (IV) ਰਾਹੀਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਨੂੰ ਇਸ ਵਾਧੇ ਦਾ ਮੁੱਖ ਕਾਰਨ ਮੰਨਿਆ ਗਿਆ ਹੈ ਅਤੇ ਕੀ ਮੌਜੂਦਾ ਪ੍ਰਸ਼ਾਸਨ ਦੀ ਨਸ਼ੀਲੇ ਪਦਾਰਥਾਂ ਨੂੰ ਰੋਕਣ ਦੀ ਅਸਫਲਤਾ ਲੋਕਾਂ ਦੀ ਸਿਹਤ ਲਈ ਖਤਰਾ ਪੈਦਾ ਕਰ ਰਹੀਂ ਹੈ;

(ਸ) ਸਰਕਾਰ ਉਹ ਕਿਹੜੇ ਤੁਰੰਤ ਅਤੇ ਸਮਾਂਬੱਧ ਕਦਮ ਚੁੱਕ ਰਹੀ ਹੈ ਜੋ ਸਮਾਜਿਕ ਕਲੰਕ ਨੂੰ ਦੂਰ ਕਰਨ ਲਈ ਹਨ, ਜਿਸ ਕਾਰਨ ਮਰੀਜ਼ਾਂ ਨੂੰ ਆਪਣੇ ਘਰੇਲੂ ਜ਼ਿਲ੍ਹਿਆਂ ਤੋਂ ਬਾਹਰ ਇਲਾਜ ਲੈਣਾ ਪੈਂਦਾ ਹੈ ਅਤੇ ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਆਪਣੇ 'ਵਧੇਰੇ ਨਿਗਰਾਨੀ' ਦੇ ਦਾਅਵਿਆਂ ਦੇ ਬਾਵਜੂਦ ਇਸ ਸੰਕਰਮਣ ਨੂੰ ਰੋਕਣ ਵਿੱਚ ਅਸਫਲ ਕਿਉਂ ਰਹੀ ਹੈ?

**ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਖਰੜ ਜੇਲ੍ਹ ਵਿੱਚ ਕੀਤੀ ਗਈ ਇੰਟਰਵਿਊ ਦੇ ਸਬੰਧ ਵਿੱਚ ਕੀਤੀ ਕਾਰਵਾਈ ਦੇ ਵੇਰਵੇ**

***1695(ਸੀ.ਯੂ.) ਸ. ਪ੍ਰਤਾਪ ਸਿੰਘ ਬਾਜਵਾ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਰਾਜ ਵਿੱਚ ਜਬਰੀ ਵਸੂਲੀ ਅਤੇ ਕਤਲ ਦੇ ਮਾਮਲਿਆਂ ਨਾਲ ਸਬੰਧਤ ਇੱਕ ਬਦਨਾਮ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਖਰੜ ਜੇਲ੍ਹ ਵਿੱਚ ਕੀਤੀ ਗਈ ਇੰਟਰਵਿਊ ਦੇ ਸਬੰਧ ਵਿੱਚ ਕੀ ਕਾਰਵਾਈ ਕੀਤੀ ਗਈ ਹੈ;

**ਅ)** ਕੀ ਸਰਕਾਰ ਵਲੋਂ ਇਹ ਜਾਂਚ ਕੀਤੀ ਗਈ ਹੈ ਕਿ ਸਬੰਧਤ ਵਿਅਕਤੀ ਦਾ ਅਪਰਾਧਿਕ ਪਿਛੋਕੜ ਹੋਣ ਦੇ ਬਾਵਜੂਦ ਅਜਿਹੀ ਇੰਟਰਵਿਊ ਦੀ ਇਜਾਜ਼ਤ ਕਿਵੇਂ ਦਿੱਤੀ ਗਈ ਸੀ;

**ੲ)** ਕੀ ਅਜਿਹੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਵਿਅਕਤੀਆਂ ਨਾਲ ਮੀਡੀਆ ਨੂੰ ਗੱਲਬਾਤ ਕਰਨ ਲਈ ਕੀਤੀ ਗਈ ਕੁਤਾਹੀ ਲਈ ਜ਼ਿੰਮੇਵਾਰੀ ਤੈਅ ਕੀਤੀ ਗਈ ਹੈ?

**ਖੇਤੀਬਾੜੀ ਨੀਤੀ ਦੀ ਮੌਜੂਦਾ ਸਥਿਤੀ**

***1696(ਸੀ.ਯੂ.) ਸ. ਪ੍ਰਤਾਪ ਸਿੰਘ ਬਾਜਵਾ, ਸ਼੍ਰੀ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਲੰਬੇ ਸਮੇਂ ਤੋਂ ਸਰਕਾਰ ਦੇ ਵਿਚਾਰ ਅਧੀਨ ਖੇਤੀਬਾੜੀ ਨੀਤੀ ਦੀ ਮੌਜੂਦਾ ਸਥਿਤੀ ਕੀ ਹੈ; ਕੀ ਸਰਕਾਰ ਡਰਾਫਟ ਨੀਤੀ ਦੀਆਂ ਮੁੱਖ ਵਿਸ਼ੇਸਤਾਵਾਂ, ਪ੍ਰਾਪਤ ਹੋਏ ਇਤਰਾਜਾਂ, ਸੁਝਾਵਾਂ ਅਤੇ ਇਸਦੀ ਮੌਜੂਦਾ ਸਥਿਤੀ ਨੂੰ ਸਦਨ ਦੇ ਸਾਹਮਣੇ ਰੱਖੇਗੀ;

**ਅ)** ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਵੱਲੋਂ ਅਕਤੂਬਰ 2023 ਵਿੱਚ ਪੇਸ਼ ਕੀਤੀ ਗਈ ਖੇਤੀ ਨੀਤੀ ਦੀਆਂ ਸਿਫਾਰਸ਼ਾਂ ਸਬੰਧੀ ਕੋਈ ਰੋਡਮੈਪ ਸਰਕਾਰ ਵੱਲੋਂ ਤਿਆਰ ਕੀਤਾ ਗਿਆ ਹੈ; ਵੇਰਵੇ ਸਹਿਤ ਦੱਸਿਆ ਜਾਵੇ;

**ੲ)** ਕੀ ਸਰਕਾਰ ਇਸ ਗੱਲ ਤੋਂ ਜਾਣੂ ਹੈ ਕਿ ਇੱਕ ਸਪੱਸ਼ਟ ਅਤੇ ਵਿਆਪਕ ਖੇਤੀਬਾੜੀ ਨੀਤੀ ਦੀ ਅਣਹੋਂਦ ਵਿੱਚ, ਕਿਸਾਨਾਂ ਅਤੇ ਹਿੱਸੇਦਾਰਾਂ ਨੂੰ ਨਿਵੇਸ਼, ਸਹਾਇਕ ਉਪਾਵਾਂ ਅਤੇ ਲੰਬੇ ਸਮੇਂ ਲਈ ਯੋਜਨਾਬੰਦੀ ਸਬੰਧੀ ਅਨਿਸ਼ਚਿਤਤਾ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਮਨਜ਼ੂਰ ਅਤੇ ਲਾਗੂ ਕਰਨ ਦੀ ਸੰਭਾਵਨਾ ਹੈ?

**27 ਜੁਲਾਈ, 2025 ਨੂੰ ਸਿਵਲ ਹਸਪਤਾਲ, ਜਲੰਧਰ ਵਿਖੇ ਵਾਪਰੀ ਘਟਨਾ ਦੇ ਵੇਰਵੇ**

***1699(ਸੀ.ਯੂ.) ਸ੍ਰੀ. ਅਵਤਾਰ ਸਿੰਘ ਜੂਨੀਅਰ:-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜੁਲਾਈ 27, 2025 ਨੂੰ ਸਿਵਲ ਹਸਪਤਾਲ, ਜਲੰਧਰ ਵਿੱਚ ਇੱਕ ਘਟਨਾ ਹੋਈ ਸੀ, ਜਿੱਥੇ ਮਰੀਜ਼ ਮਰ ਗਏ ਸਨ; ਜੇਕਰ ਹਾਂ ਤਾਂ ਮਰ ਗਏ ਮਰੀਜ਼ਾਂ ਦੀ ਗਿਣਤੀ, ਕੀਤੇ ਗਏ ਪੋਸਟਮਾਰਟਮ ਦੀ ਤਾਰੀਖ ਅਤੇ ਮਰੀਜਾਂ ਦੀ ਮੌਤ ਦੇ ਕੀ ਕਾਰਣ ਸਨ;

ਅ) ਕੀ ਉਕਤ ਘਟਨਾ ਵਿੱਚ ਜਾਂਚ ਦਾ ਆਦੇਸ਼ ਦਿੱਤਾ ਗਿਆ ਸੀ; ਜੇਕਰ ਹਾਂ ਤਾਂ ਜਾਂਚ ਦਾ ਮੰਤਵ ਅਤੇ ਰਿਪੋਰਟ ਦਾ ਕੀ ਸਿੱਟਾ ਨਿਕਲਿਆ ਅਤੇ ਕੀ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਕੋਈ ਮੁਆਵਜ਼ਾ ਅਦਾ ਕੀਤਾ ਗਿਆ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਕਰਜ਼ਾ ਮੋੜ ਲਈ ਵਨ ਟਾਈਮ ਸੈਟਲਮੈਂਟ ਕਲੇਮ ਲਈ ਵਿਚਾਰ ਕਰਨਾ**

***1706(ਸੀ.ਯੂ.) ਸ. ਗੁਰਦਿੱਤ ਸਿੰਘ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਸਹਿਕਾਰਤਾ ਵਿਭਾਗ ਅਧੀਨ ਪੀ.ਏ.ਡੀ.ਬੀ. (ਖੇਤੀਬਾੜੀ ਸਹਿਕਾਰੀ ਵਿਕਾਸ ਬੈਂਕ) ਦੇ ਜਿਨ੍ਹਾਂ ਮੈਂਬਰਾਂ ਦੀ ਮੌਤ ਹੋ ਚੁੱਕੀ ਹੈ ਅਤੇ ਜਿਨ੍ਹਾਂ ਨੇ ਬੈਂਕ ਤੋਂ ਕਰਜਾ ਲਿਆ ਹੋਇਆ ਹੈ, ਅਜਿਹੇ ਲੋਕਾਂ ਤੋਂ ਕਰਜਾ ਮੋੜਿਆ ਨਹੀਂ ਜਾ ਰਿਹਾ ਹੈ ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਅਜਿਹੇ ਕੇਸਾਂ ਵਿੱਚ ਕਲੇਮ ਵਨ ਟਾਈਮ ਸੈਟਲਮੈਂਟ ਲਈ ਵਿਚਾਰ ਕਰ ਰਹੀ ਹੈ?

**ਫਰੀਦਕੋਟ ਸ਼ਹਿਰ ਵਿੱਖੇ ਟ੍ਰੈਫਿਕ ਦੀ ਸਮੱਸਿਆ ਦਾ ਹਲ ਕਰਨਾ**

***1708(ਸੀ.ਯੂ.) ਸ. ਗੁਰਦਿੱਤ ਸਿੰਘ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਰੀਦਕੋਟ ਸ਼ਹਿਰ ਵਿੱਚ ਟ੍ਰੈਫਿਕ ਵੱਧਣ ਕਰਕੇ ਹਰ ਸਮੇਂ ਮੇਨ ਸੜਕਾਂ ਤੇ ਟ੍ਰੈਫਿਕ ਜਾਮ ਲਗ ਜਾਂਦਾ ਹੈ, ਜਿਸ ਕਾਰਨ ਸਥਾਨਕ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਦਾ ਹੱਲ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਫਰੀਦਕੋਟ ਵਿਖੇ ਨਵਾਂ ਉਦਯੋਗਿਕ ਪਾਰਕ ਸਥਾਪਿਤ ਕਰਨਾ**

***1711(ਸੀ.ਯੂ.) ਸ. ਗੁਰਦਿੱਤ ਸਿੰਘ:-**

ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਫਰੀਦਕੋਟ ਵਿੱਚ ਬੰਦ ਪਈਆਂ ਉਦਯੋਗਿਕ ਇਕਾਈਆਂ ਨੂੰ ਮੁੜ ਸ਼ੁਰੂ ਕਰਨ ਦੀ ਕੋਈ ਤਜਵੀਜ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਫਰੀਦਕੋਟ ਵਿਖੇ ਨਵਾਂ ਉਦਯੋਗਿਕ ਪਾਰਕ ਸਥਾਪਿਤ ਕਰੇਗੀ; ਵੇਰਵੇ ਸਹਿਤ ਦੱਸਿਆ ਜਾਵੇ?

**ਬੰਦ ਕੀਤੇ ਖਾਤੇ ਦੁਬਾਰਾ ਬਹਾਲ ਕਰਨਾ**

***1725(ਸੀ.ਯੂ.) ਸ. ਗੁਰਦਿੱਤ ਸਿੰਘ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਇਹ ਠੀਕ ਹੈ ਕਿ ਸਹਿਕਾਰੀ ਬੈਂਕ ਵਿੱਚ ਸ਼ਾਮਲ ਹੋਣ ਦੇ ਚਾਹਵਾਨ ਕਿਸਾਨਾਂ ਦੇ ਖਾਤੇ ਨਾਬਾਰਡ ਦਾ ਹਵਾਲਾ ਦੇ ਕੇ ਬੰਦ ਕਰ ਦਿੱਤੇ ਗਏ ਹਨ ਅਤੇ ਇਸੇ ਤਰ੍ਹਾਂ ਨਵੀਂ ਲਿਮਿਟ ਵਾਲੇ ਕਰਜ਼ੇ ਵੀ ਬੰਦ ਕਰ ਦਿੱਤੇ ਗਏ ਹਨ; ਜੇਕਰ ਅਜਿਹਾ ਹੈ, ਤਾਂ ਇਹ ਕਦੋਂ ਤੱਕ ਮੁੜ ਸ਼ੁਰੂ ਕੀਤੇ ਜਾਣਗੇ;

**ਅ)** ਉਪਰੋਕਤ ਲਿਮਿਟ ਨੂੰ ਕਦੋਂ ਤੱਕ ਵਧਾਇਆ ਜਾਵੇਗਾ;

**ੲ)** ਕੀ ਇਹ ਵੀ ਠੀਕ ਹੈ ਕਿ ਬੇਜ਼ਮੀਨੇ ਮਜ਼ਦੂਰਾਂ ਨੂੰ ਦਿੱਤੇ ਜਾਣ ਵਾਲੇ ਕਰਜ਼ਿਆਂ ਨੂੰ ਬੰਦ ਕਰ ਦਿੱਤਾ ਗਿਆ ਹੈ; ਜੇਕਰ ਅਜਿਹਾ ਹੈ, ਤਾਂ ਇਹ ਕਦੋਂ ਤੱਕ ਮੁੜ ਸ਼ੁਰੂ ਕੀਤੇ ਜਾਣਗੇ; ਵੇਰਵੇ ਸਹਿਤ ਦੱਸਿਆ ਜਾਵੇ ?

**ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਦੀਆਂ ਅਸਾਮੀਆਂ ਦੇ ਵੇਰਵੇ**

***1727(ਸੀ.ਯੂ.) ਸ. ਮਨਪ੍ਰੀਤ ਸਿੰਘ ਇਯਾਲੀ:-**

ਕੀ ਛਪਾਈ ਅਤੇ ਲਿਖਣ ਸਮੱਗਰੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਐਸ.ਏ.ਐਸ. ਨਗਰ (ਮੋਹਾਲੀ) ਪੰਜਾਬ ਵਿੱਚ ਕੁੱਲ ਮਨਜ਼ੂਰਸ਼ੁਦਾ ਸਥਾਈ ਅਸਾਮੀਆਂ, ਭਰੀਆਂ ਅਸਾਮੀਆਂ ਅਤੇ ਖਾਲੀ ਅਸਾਮੀਆਂ ਦੀ ਗਿਣਤੀ ਕਿੰਨੀ ਹੈ;

**ਅ)** ਇਨ੍ਹਾਂ ਅਸਾਮੀਆਂ ਲਈ ਆਖਰੀ ਨਿਯਮਤ ਭਰਤੀ ਕਿਸ ਮਿਤੀ ਅਤੇ ਸਾਲ ਨੂੰ ਹੋਈ ਸੀ;

**ੲ)** ਅਸਥਾਈ ਜਾਂ ਆਊਟਸੋਰਸ ਕੀਤੇ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ, ਉਨ੍ਹਾਂ ਦੇ ਜੁਆਨਿੰਗ ਦੀਆਂ ਮਿਤੀਆਂ ਕੀ ਹਨ ਅਤੇ ਨਿਯਮਤ ਨਿਯੁਕਤੀ ਨਾਲੋਂ ਆਊਟਸੋਰਸਿੰਗ ਨੂੰ ਤਰਜੀਹ ਦੇਣ ਦੇ ਕਾਰਨ ਕੀ ਹਨ;

**ਸ)** ਐਸ.ਏ.ਐਸ ਨਗਰ ਪ੍ਰੈੱਸ ਵਿੱਚ ਕਾਰਜਸ਼ੀਲ ਅਤੇ ਗੈਰ-ਕਾਰਜਸ਼ੀਲ ਮਸ਼ੀਨਾਂ ਦੀ ਗਿਣਤੀ ਕਿੰਨੀ ਹੈ ਅਤੇ ਕਿਸ ਮਿਤੀ ਨੂੰ ਆਖਰੀ ਵੱਡੀ ਮਸ਼ੀਨਰੀ ਅਪਗ੍ਰੇਡ ਕੀਤੀ ਗਈ;

**ਹ)** ਨਿਯਮਿਤ ਅਸਾਮੀਆਂ ਨੂੰ ਭਰਨ ਅਤੇ ਪ੍ਰੈੱਸ ਬੁਨਿਆਦੀ ਢਾਂਚੇ ਦੇ ਆਧੁਨਿਕਰਨ ਲਈ ਕੀ ਸਮਾਂ-ਸੀਮਾ ਨਿਰਧਾਰਿਤ ਕੀਤੀ ਗਈ ਹੈ?

**ਮਿਡ-ਡੇ ਮੀਲ ਵਰਕਰਾਂ ਦੇ ਮਾਣ-ਭੱਤੇ ਵਿੱਚ ਵਾਧਾ ਕਰਨਾ**

***1728(ਸੀ.ਯੂ.) ਸ. ਮਨਪ੍ਰੀਤ ਸਿੰਘ ਇਯਾਲੀ:-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** 77,000 ਮਿਡ-ਡੇ ਮੀਲ ਕਰਮਚਾਰੀਆਂ ਨੂੰ ਦਿੱਤੀ ਜਾਂਦੀ ਤਨਖਾਹਾਂ ਦੀ ਵੰਡ ਵਿੱਚ ਵਾਰ-ਵਾਰ ਦੇਰੀ ਅਤੇ ਉਨ੍ਹਾਂ ਦੀ ਨੌਕਰੀ ਦੀ ਸੁਰੱਖਿਆ ਲਈ ਰਸਮੀ ਨੀਤੀ ਨੂੰ ਲਾਗੂ ਕਰਨ ਵਿੱਚ ਅਸਫਲਤਾ ਦੇ ਕਾਰਨ ਕੀ ਹਨ;

**ਅ)** ਕੀ ਸਰਕਾਰ ਮਾਸਿਕ ਮਾਣ ਭੱਤਾ 3,000 ਰੁਪਏ ਤੋਂ ਵਧਾ ਕੇ 7,500 ਰੁਪਏ ਕਰੇਗੀ ਅਤੇ ਹਾਲ ਹੀ ਵਿੱਚ ਐਲਾਨੇ ਗਏ ਦੁਰਘਟਨਾ ਬੀਮਾ ਕਵਰ ਤੋਂ ਇਲਾਵਾ ਮੈਡੀਕਲ/ਪ੍ਰਸੂਤੀ ਛੁੱਟੀ ਅਤੇ ਵਰਦੀ ਵਰਗੇ ਕਾਨੂੰਨੀ ਤੌਰ ਤੇ ਲਾਭ ਪ੍ਰਦਾਨ ਕਰੇਗੀ; ਵੇਰਵੇ ਸਹਿਤ ਦੱਸਿਆ ਜਾਵੇ?

**ਆਸ਼ਾ ਵਰਕਰਾਂ ਦੀ ਤਨਖਾਹ ਵਿਚਾ ਵਾਧਾ ਕਰਨਾ**

***1730(ਸੀ.ਯੂ.) ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ:-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਆਸ਼ਾ ਵਰਕਰਾਂ ਦੀ ਤਨਖਾਹ ਵਧਾਉਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇ ਹੈ, ਤਾਂ ਕਿੰਨੇ ਸਮੇਂ ਲਈ?

**ਖੰਡ ਮਿੱਲ ਪਨਿਆੜ ਨੂੰ ਸਪਲਾਈ ਕੀਤੇ ਗੰਨੇ ਦੇ ਵੇਰਵੇ**

***1732(ਸੀ.ਯੂ.) ਸ੍ਰੀਮਤੀ ਅਰੁਣਾ ਚੌਧਰੀ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਮੌਜੂਦਾ ਸੀਜ਼ਨ (ਸਾਲ 2025-26) ਦੌਰਾਨ ਕਿਸਾਨਾਂ ਦੁਆਰਾ ਖੰਡ ਮਿੱਲ ਪਨਿਆੜ (ਗੁਰਦਾਸਪੁਰ) ਵਿੱਚ ਕੁੱਲ ਕਿੰਨਾ ਗੰਨਾ ਸਪਲਾਈ ਕੀਤਾ ਗਿਆ, ਸਪਲਾਈ ਕੀਤੇ ਗਏ ਗੰਨੇ ਦੀ ਕੁੱਲ ਕੀਮਤ ਕਿੰਨੀ ਸੀ, ਮਿੱਲ ਦੁਆਰਾ ਕੁੱਲ ਕਿੰਨੀ ਮਾਤਰਾ ਵਿੱਚ ਖੰਡ ਬਣਾਈ ਗਈ ਅਤੇ ਕੁੱਲ ਕਿੰਨਾ ਗੰਨਾ ਪੀੜਿਆ ਗਿਆ;

**ਅ)** ਹੁਣ ਤੱਕ ਕਿਸਾਨਾਂ ਦੁਆਰਾ ਸਪਲਾਈ ਕੀਤੇ ਗੰਨੇ ਦੀ ਕਿੰਨੀ ਰਕਮ ਅਦਾਇਗੀ ਲਈ ਪੈਂਡਿੰਗ ਹੈ ਅਤੇ ਉਕਤ ਰਕਮ ਕਿਸਾਨਾਂ ਨੂੰ ਕਿੰਨੇ ਸਮੇਂ ਤੋਂ ਭੁਗਤਾਨ ਲਈ ਬਕਾਇਆ ਹੈ;

**ੲ)** ਕੀ ਉਪਰੋਕਤ ਭਾਗ (**ਅ**) ਵਿੱਚ ਵਰਣਿਤ ਅਦਾਇਗੀ ਮੌਜੂਦਾ ਸੀਜ਼ਨ ਨਾਲ ਸਬੰਧਤ ਹੈ ?

**ਮੁਕੇਰੀਆਂ ਵਿੱਚ ਜੁਆਏ ਜਿਊਲਰ ਦੀ ਹੋਈ ਚੋਰੀ ਦੇ ਕੇਸ ਦੀ ਮੌਜੂਦਾ ਸਥਿਤੀ**

***1734(ਸੀ.ਯੂ.) ਸ੍ਰੀ. ਜੰਗੀ ਲਾਲ ਮਹਾਜਨ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵੱਲੋਂ ਮੁਕੇਰੀਆਂ ਵਿੱਚ ਜੁਆਏ ਜਿਊਲਰ ਦੀ ਦੁਕਾਨ ਵਿੱਚ ਸਾਲ 2026 ਵਿੱਚ ਹੋਈ ਚੋਰੀ ਦੇ ਕੇਸ ਨੂੰ ਸੁਲਝਾ (solve) ਲਿਆ ਗਿਆ ਹੈ ਅਤੇ ਚੋਰੀ ਦਾ ਸਮਾਨ ਬਰਾਮਦ ਕਰ ਲਿਆ ਗਿਆ ਹੈ; ਜੇਕਰ ਨਹੀਂ ਤਾਂ ਇਸ ਕੇਸ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਭਵਿੱਖ ਵਿੱਚ ਅਜਿਹੇ ਚੋਰੀ ਦੇ ਕੇਸਾਂ ਨੂੰ ਰੋਕਣ ਲਈ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਜਾ ਰਹੀਂ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਕਾਰੀ (ਪੰਜਾਬ ਰੋਡਵੇਜ਼/ਪੀ.ਆਰ.ਟੀ.ਸੀ.) ਬੱਸਾਂ ਦੇ ਨਿਰਧਾਰਤ ਰੂਟਾਂ ਦੇ ਕੈਂਸਲ ਕੀਤੇ ਜਾਣ ਦੇ ਵੇਰਵੇ**

***1735(ਸੀ.ਯੂ.) ਸ. ਮਨਪ੍ਰੀਤ ਸਿੰਘ ਇਯਾਲੀ:-**

ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਅਕਤੂਬਰ 2025 ਤੋਂ ਫਰਵਰੀ 2026 ਤੱਕ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੀਆਂ ਕਿੰਨੀਆਂ ਬੱਸਾਂ ਨਾਨ-ਟ੍ਰਾਂਸਪੋਰਟ ਡਿਊਟੀਜ਼/ਸਟੇਟ ਫੰਕਸ਼ਨਜ਼ ਜਾਂ ਵੀ.ਆਈ.ਪੀ. ਡਿਊਟੀਆਂ ਲਈ ਲਗਾਈਆਂ ਗਈਆਂ ਅਤੇ ਇਸ ਕਾਰਨ ਕਿੰਨੇ ਨਿਰਧਾਰਤ ਰੂਟ ਕੈਂਸਲ ਕੀਤੇ ਗਏ ;

**ਅ)** ਇਨ੍ਹਾਂ ਬਦਲੇ ਗਏ ਰੂਟਾਂ ਤੇ ਕੁੱਲ ਕਿੰਨਾ ਖਰਚਾ ਆਇਆ ਅਤੇ ਕਿਸ ਖਾਤੇ ਵਿੱਚੋਂ ਫਿਊਲ,ਸਟਾਫ ਓਵਰਟਾਈਮ ਅਤੇ ਰੱਖ-ਰਖਾਵ ਦੇ ਖਰਚਿਆਂ ਦਾ ਭੁਗਤਾਨ ਕੀਤਾ ਗਿਆ;

**ੲ)** ਇਹਨਾਂ ਰੂਟਾਂ ਲਈ ਆਵਾਜਾਈ ਦੇ ਕਿਹੜੇ ਬਦਲਵੇਂ ਪ੍ਰਬੰਧ ਕੀਤੇ ਗਏ ਸਨ ਤਾਂ ਕਿ ਰੋਜ਼ਾਨਾ ਯਾਤਰੀ, ਵਿਦਿਆਰਥੀ ਅਤੇ ਮਰੀਜ਼ ਖੱਜਲ-ਖੁਆਰ ਨਾ ਹੋਣ;

**ਸ)** ਕੀ ਅਖ਼ਬਾਰਾਂ ਜਾਂ ਸਰਕਾਰੀ ਪੋਰਟਲਾਂ ਰਾਹੀਂ ਇਨ੍ਹਾਂ ਰੂਟਾਂ ਨੂੰ ਰੱਦ ਕਰਨ ਬਾਰੇ ਕੋਈ ਪਹਿਲਾਂ ਜਨਤਕ ਨੋਟਿਸ ਜਾਰੀ ਕੀਤਾ ਗਿਆ ਸੀ; ਵੇਰਵੇ ਸਹਿਤ ਦੱਸਿਆ ਜਾਵੇ?

**ਕੋਆਪਰੇਟਿਵ ਸੋਸਾਇਟੀਆਂ ਦੇ ਵਿੱਚ ਓ.ਟੀ.ਐਸ. ਸਕੀਮ ਲਾਗੂ ਕਰਨਾ**

***1738(ਸੀ.ਯੂ.) ਪ੍ਰਿੰਸੀਪਲ ਬੁੱਧ ਰਾਮ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਜਿਆਦਾਤਰ ਕੋਆਪਰੇਟਿਵ ਸੋਸਾਇਟੀਆਂ ਦਾ ਕਿਸਾਨਾਂ ਤੇ ਮੂਲ ਰਕਮ ਤੇ ਲੱਗਿਆ ਵਿਆਜ ਅਤੇ ਵਿਆਜ ਉੱਤੇ ਵਿਆਜ ਲੱਗ ਜਾਣ ਕਾਰਨ ਕਰਜਾ ਜਿਆਦਾ ਹੋ ਜਾਂਦਾ ਹੈ, ਜਿਸ ਕਾਰਣ ਸੋਸਾਇਟੀਆਂ ਡਿਫਾਲਟਰ ਹੋਈਆਂ ਪਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਅਜਿਹੀ ਕੋਈ ਓ.ਟੀ.ਐਸ. ਸਕੀਮ ਲਿਆ ਸਕਦੀ ਹੈ ਜਿਸ ਨਾਲ ਕਿਸਾਨਾਂ ਨੂੰ ਕਰਜ਼ਾ ਭਰਨਾ ਸੌਖਾ ਹੋ ਸਕੇ ਅਤੇ ਕੋਆਪਰੇਟਿਵ ਬੈਂਕਾਂ ਦੀ ਆਰਥਿਕ ਹਾਲਤ ਵੀ ਠੀਕ ਹੋ ਸਕੇ ?

**ਐਮ.ਡੀ.ਐਫ. (ਮਿਊਂਸਪਲ ਡਿਵੈਲਪਮੈਂਟ ਫੰਡ) ਦੀ ਵੰਡ ਦੇ ਵੇਰਵੇ**

***1747(ਸੀ.ਯੂ.) ਸ੍ਰੀ ਸੰਦੀਪ ਜਾਖੜ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਵਿੱਚ ਵੱਖ-ਵੱਖ ਮਿਊਂਸੀਪਲ ਕਮੇਟੀਆਂ ਜਾਂ ਮਿਊਂਸੀਪਲ ਕਾਰਪੋਰੇਸ਼ਨਾਂ ਨੂੰ ਐਮ.ਡੀ.ਐਫ. (ਮਿਊਂਸਪਲ ਡਿਵੈਲਪਮੈਂਟ ਫੰਡ) ਦੀ ਵੰਡ ਦਾ ਫੈਸਲਾ ਕਰਨ ਲਈ ਕੀ ਮਾਪਦੰਡ ਹਨ ?

**ਪਿੰਡਾਂ ਦੇ ਨੰਬਰਦਾਰਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਦੇ ਵੇਰਵੇ**

***1758(ਸੀ.ਯੂ.) ਡਾ. ਨਛੱਤਰ ਪਾਲ:-**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿੰਡਾਂ ਦੇ ਨੰਬਰਦਾਰਾਂ ਦੀਆਂ ਮੁੱਖ ਮੰਗਾਂ ਜਿਵੇਂ ਕਿ ਪ੍ਰਤੀ ਮਹੀਨਾ ਮਾਣਭੱਤਾ ਪੰਜ ਹਜ਼ਾਰ ਕਰਨਾ, ਨੰਬਰਦਾਰੀ ਨੂੰ ਜੱਦੀ ਪੁਸ਼ਤੀ ਕਰਨਾ, ਬੈਠਣ ਲਈ ਕਮਰਾ ਅਲਾਟ ਕਰਨਾ, ਬਸ ਸਫ਼ਰ ਅਤੇ ਟੋਲ ਪਲਾਜ਼ਾ ਮੁਆਫ਼ ਕਰਨਾ ਆਦਿ ਨੂੰ ਪ੍ਰਵਾਨ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਚੰਗੇ ਆਚਰਣ ਵਾਲੇ ਕੈਦੀਆਂ ਨੂੰ ਰਿਹਾਅ ਕਰਨਾ**

***1759(ਸੀ.ਯੂ.) ਡਾ. ਨਛੱਤਰ ਪਾਲ:-**

ਕੀ ਜੇਲ੍ਹ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਵੱਲੋਂ ਰਾਜ ਦੇ ਵੱਖ-ਵੱਖ ਜੇਲ੍ਹਾਂ ਅੰਦਰ ਬੰਦ ਚੰਗੇ ਆਚਰਣ ਵਾਲੇ ਕੈਦੀਆਂ ਨੂੰ ਹਰ ਸਾਲ 26 ਜਨਵਰੀ ਅਤੇ 15 ਅਗਸਤ ਨੂੰ ਮੁਆਫ਼ੀ ਦੇ ਕੇ ਛੱਡਿਆ ਜਾਂਦਾ ਹੈ; ਜੇਕਰ ਅਜਹਿਾ ਹੋਵੇ ਤਾਂ ਸਾਲ 2022 ਤੋਂ ਹੁਣ ਤੱਕ ਇਸ ਅਧਾਰ ਤੇ ਕਿੰਨੇ ਤੇ ਕਿਹੜੇ-ਕਿਹੜੇ ਕੈਦੀਆਂ ਨੂੰ ਕਦੋਂ-ਕਦੋਂ ਛੱਡਿਆ ਗਿਆ ਹੈ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਨਵਾਂਸ਼ਹਿਰ ਦੇ ਪਿੰਡਾਂ ਵਿੱਚ ਖੇਡ ਗਰਾਊਂਡ ਬਣਾਉਣਾ**

***1760(ਸੀ.ਯੂ.) ਡਾ. ਨਛੱਤਰ ਪਾਲ:-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਸਾਲ 2022 ਤੋਂ ਹੁਣ ਤੱਕ ਹਲਕਾ ਨਵਾਂ ਸ਼ਹਿਰ ਦੇ ਕਿੰਨੇ ਪਿੰਡਾਂ ਵਿੱਚ ਖੇਡ ਗਰਾਊਂਡ ਬਣਾਏ ਗਏ ਹਨ ਅਤੇ ਕਿੰਨੇ ਪਿੰਡਾਂ ਵਿੱਚ ਕੋਈ ਵੀ ਖੇਡ ਗਰਾਊਂਡ ਨਹੀਂ ਹੈ;

ਅ) ਸਰਕਾਰ ਵੱਲੋਂ ਹਲਕੇ ਦੇ ਸਾਰੇ ਪਿੰਡਾਂ ਵਿੱਚ ਕਦੋਂ ਤੱਕ ਖੇਡ ਗਰਾਊਂਡ ਬਣਾ ਦਿੱਤੇ ਜਾਣਗੇ?

**ਰੱਖੜਾ ਸ਼ੂਗਰ ਮਿੱਲ ਨੂੰ ਦੁਬਾਰਾ ਸ਼ੁਰੂ ਕਰਨਾ**

***1763(ਸੀ.ਯੂ.) ਚੇਤਨ ਸਿੰਘ ਜੋੜਾਮਾਜਰਾ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰੱਖੜਾ ਸ਼ੂਗਰ ਮਿੱਲ ਨੂੰ ਦੁਬਾਰਾ ਸ਼ੁਰੂ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ?

**ਜਲਾਲਾਬਾਦ ਵਿੱਚ ਵੇਰਕਾ ਦਾ ਚਿਲਿੰਗ ਪਲਾਂਟ ਲਗਾਉਣਾ**

***1769(ਸੀ.ਯੂ.) ਸ੍ਰੀ ਜਗਦੀਪ ਕੰਬੋਜ਼ ਗੋਲਡੀ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਜਲਾਲਾਬਾਦ ਵਿੱਚ ਵੇਰਕਾ ਦਾ ਚਿਲਿੰਗ ਪਲਾਂਟ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਜਲਾਲਾਬਾਦ ਸਟੇਡੀਅਮ ਵਿਚ ਸਿੰਥੈਟਿਕ ਟਰੈਕ ਬਣਾਉਣਾ**

***1771(ਸੀ.ਯੂ.) ਸ੍ਰੀ ਜਗਦੀਪ ਕੰਬੋਜ਼ ਗੋਲਡੀ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਲਾਲਾਬਾਦ ਦੇ ਸਟੇਡੀਅਮ ਵਿੱਚ ਕੋਈ ਸਿੰਥੈਟਿਕ ਟਰੈਕ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਮਨਵਾਲ ਪਿੰਡ ਵਿਖੇ ਮੈਡੀਕਲ ਕਾਲਜ ਬਣਾਉਣਾ**

***1774(ਸੀ.ਯੂ.) ਸ੍ਰੀ ਨਰੇਸ਼ ਪੁਰੀ:-**

ਕੀ ਮੈਡੀਕਲ ਸਿਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਨਵਾਲ ਪਿੰਡ, ਬਲਾਕ ਧਾਰ, ਜ਼ਿਲ੍ਹਾ ਪਠਾਨਕੋਟ ਵਿੱਚ ਪੰਚਾਇਤ ਦੀ ਕਾਫੀ ਖਾਲੀ ਪਈ ਜਮੀਨ ਤੇ ਮੈਡੀਕਲ ਕਾਲਜ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਜੁਗਿਆਲ ਕਲੋਨੀ, ਪਠਾਨਕੋਟ ਵਿਖੇ ਇੰਟਰਨੈਸ਼ਨਲ ਕ੍ਰਿਕਟ ਸਟੇਡੀਅਮ ਬਣਾਉਣਾ**

***1775(ਸੀ.ਯੂ.) ਸ੍ਰੀ ਨਰੇਸ਼ ਪੁਰੀ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜੁਗਿਆਲ ਕਲੋਨੀ, ਜ਼ਿਲ੍ਹਾ ਪਠਾਨਕੋਟ ਵਿੱਚ ਕਾਫੀ ਮਾਤਰਾ ਵਿੱਚ ਮੌਜੂਦ ਖਾਲੀ ਜਗ੍ਹਾ ਤੇ ਇੰਟਰਨੈਸ਼ਨਲ ਕ੍ਰਿਕਟ ਸਟੇਡੀਅਮ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਡੇਰਾਬੱਸੀ ਹਲਕੇ ਅੰਦਰ ਪੁਲਿਸ ਫੋਰਸ ਦੀ ਨਫਰੀ ਵਧਾਉਣਾ**

***1778(ਸੀ.ਯੂ.) ਸ. ਕੁਲਜੀਤ ਸਿੰਘ ਰੰਧਾਵਾ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਡੇਰਾਬੱਸੀ ਹਲਕੇ ਅੰਦਰ ਵੱਧ ਰਹੀ ਅਬਾਦੀ ਦੇ ਮੱਦੇਨਜ਼ਰ, ਲੋਕਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਅਤੇ ਵੱਖ-ਵੱਖ ਤਰ੍ਹਾਂ ਦੇ ਅਪਰਾਧਾਂ ਨੂੰ ਕੰਟਰੋਲ ਕਰਨ ਲਈ ਪੁਲਿਸ ਫੋਰਸ ਦੀ ਨਫਰੀ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ; ਵੇਰਵੇ ਸਹਿਤ ਦੱਸਿਆ ਜਾਵੇ ?

**ਕਮਿਊਨਿਟੀ ਹੈਲਥ ਸੈਂਟਰ, ਢਕੋਲੀ ਨੂੰ ਅੱਪਗਰੇਡ ਕਰਨਾ**

***1780(ਸੀ.ਯੂ.) ਸ. ਕੁਲਜੀਤ ਸਿੰਘ ਰੰਧਾਵਾ:-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਡੇਰਾਬੱਸੀ ਦੇ ਜੀਰਕਪੁਰ ਸ਼ਹਿਰ ਵਿੱਚ ਪੈਂਦੇ ਕਮਿਊਨਿਟੀ ਹੈਲਥ ਸੈਂਟਰ, ਢਕੋਲੀ ਨੂੰ ਅੱਪਗਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਡੇਰਾਬੱਸੀ ਵਿਖੇ ਘੱਗਰ ਦਰਿਆ ਉਤੇ ਪੈਂਦੇ ਬੰਨ੍ਹਾਂ ਨੂੰ ਮਜ਼ਬੂਤ ਕਰਨਾ**

***1782(ਸੀ.ਯੂ.) ਸ. ਕੁਲਜੀਤ ਸਿੰਘ ਰੰਧਾਵਾ:-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਡੇਰਾਬੱਸੀ ਵਿਖੇ ਪੈਂਦੇ ਪਿੰਡ ਟਿਵਾਣਾ ਉਤੇ ਘੱਗਰ ਬੰਨ੍ਹ ਨੂੰ ਮਜ਼ਬੂਤ ਕੀਤੇ ਜਾਣ ਤੋਂ ਬਾਅਦ ਘੱਗਰ ਦਰਿਆ ਉਤੇ ਪੈਂਦੇ ਹੋਰ ਬੰਨ੍ਹਾਂ ਨੂੰ ਵੀ ਮਜ਼ਬੂਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਿਹੜੇ ਕਿਹੜੇ ਬੰਨ੍ਹਾਂ ਨੂੰ ਮਜ਼ਬੂਤ ਕੀਤਾ ਜਾਵੇਗਾ ਅਤੇ ਇਹ ਕੰਮ ਕਦੋਂ ਤੱਕ ਮੁਕੰਮਲ ਕਰ ਲਿਆ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਡੇਰਾਬੱਸੀ ਸ਼ਹਿਰ ਵਿਖੇ ਜੁਡੀਸੀਅਲ ਕੰਪਲੈਕਸ ਬਣਾਉਣਾ**

***1786(ਸੀ.ਯੂ.) ਸ. ਕੁਲਜੀਤ ਸਿੰਘ ਰੰਧਾਵਾ:-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਡੇਰਾਬੱਸੀ ਸ਼ਹਿਰ ਵਿਖੇ ਜੁਡੀਸ਼ੀਅਲ ਕੰਪਲੈਕਸ ਦੀ ਉਸਾਰੀ ਦੀ ਤਜਵੀਜ਼ ਮੰਨਜ਼ੂਰ ਹੋਈ ਸੀ; ਜੇਕਰ ਅਜਿਹਾ ਹੈ ਤਾਂ ਇਸ ਦੀ ਤਾਜਾ ਸਥਿਤੀ ਕੀ ਹੈ ਅਤ ਇਸ ਨੂੰ ਕਦੋਂ ਤੱਕ ਮੁਕੰਮਲ ਕਰਵਾ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਯੋਗ ਖਿਡਾਰੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਐਵਾਰਡ ਦੇਣਾ**

***1791(ਸੀ.ਯੂ.) ਸ਼੍ਰੀ ਗੁਰਲਾਲ ਸਿੰਘ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਿਹੜੇ ਯੋਗ ਖਿਡਾਰੀ ਮਹਾਰਾਜਾ ਰਣਜੀਤ ਸਿੰਘ ਐਵਾਰਡ ਲਈ ਲੋੜੀਂਦੀਆਂ ਯੋਗਤਾਵਾਂ ਪੂਰੀਆਂ ਕਰਦੇ ਹਨ, ਕੀ ਉਹਨਾਂ ਨੂੰ ਅਵਾਰਡ ਦੇਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਆਦਮਪੁਰ ਨਗਰ ਕੌਂਸਲ ਦੇ ਦਫਤਰ ਦੀ ਉਸਾਰੀ ਮੁਕੰਮਲ ਕਰਨਾ**

***1796(ਸੀ.ਯੂ.) ਸ. ਸੁਖਵਿੰਦਰ ਸਿੰਘ ਕੋਟਲੀ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਆਦਮਪੁਰ ਨਗਰ ਕੌਂਸਲ ਨੂੰ ਦਫਤਰ ਬਣਾਉਣ ਲਈ 2.25 ਕਰੋੜ ਦੀ ਰਾਸ਼ੀ ਦਿੱਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਦਫਤਰ ਦੀ ਉਸਾਰੀ ਮੁਕੰਮਲ ਹੋ ਚੁਕੀ ਹੈ ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ;

ਅ) ਜੇਕਰ ਉੱਤਰ ਨਹੀਂ ਹੈ ਤਾਂ ਅਧੂਰੀ ਉਸਾਰੀ ਲਈ ਜਿੰਮੇਵਾਰ ਅਧਿਕਾਰੀਆਂ ਦੇ ਖਿਲਾਫ਼ ਕੋਈ ਕਾਰਵਾਈ ਕੀਤੀ ਗਈ ਹੈ?

**ਨਗਰ ਕੌਂਸਲ ਆਦਮਪੁਰ, ਭੋਗਪੁਰ ਅਤੇ ਆਲਾਵਲਪੁਰ ਨੂੰ ਜਾਰੀ ਕੀਤੇ ਫੰਡਾਂ ਦੇ ਵੇਰਵੇ**

***1798(ਸੀ.ਯੂ.) ਸ. ਸੁਖਵਿੰਦਰ ਸਿੰਘ ਕੋਟਲੀ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਆਦਮਪੁਰ ਹਲਕੇ ਦੇ ਨਗਰ ਕੌਂਸਲ ਆਦਮਪੁਰ, ਭੋਗਪੁਰ ਅਤੇ ਆਲਾਵਲਪੁਰ ਲਈ ਸਰਕਾਰ ਨੇ ਪਿਛਲੇ ਚਾਰ ਸਾਲਾਂ ਦੌਰਾਨ ਕੰਮਾਂ ਲਈ ਕਿੰਨ੍ਹੇ ਫੰਡ ਜਾਰੀ ਕੀਤੇ ਹਨ; ਵੇਰਵੇ ਦਿੱਤੇ ਜਾਣ;

ਅ) ਇਨ੍ਹਾਂ ਫੰਡਾਂ ਅਧੀਨ ਕਿਹੜੇ ਕੰਮ ਸ਼ੁਰੂ ਕੀਤੇ ਗਏ ਹਨ ਅਤੇ ਜਿਹੜੇ ਕੰਮ ਨਹੀਂ ਕੀਤੇ ਗਏ ਉਸਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਆਦਮਪੁਰ ਹਲਕੇ ਦੇ ਬਲਾਕ ਦੀਆਂ ਗਰਾਮ ਪੰਚਾਇਤਾਂ ਨੂੰ ਜਾਰੀ ਕੀਤੇ ਫੰਡਾਂ ਦੇ ਵੇਰਵੇ**

***1799(ਸੀ.ਯੂ.) ਸ. ਸੁਖਵਿੰਦਰ ਸਿੰਘ ਕੋਟਲੀ:-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਆਦਮਪੁਰ ਹਲਕੇ ਦੇ ਬਲਾਕ ਆਦਮਪੁਰ ਤੋਂ ਭੋਗਪੁਰ ਅੰਦਰ ਪੈਂਦੀਆਂ ਗਰਾਮ ਪੰਚਾਇਤਾਂ ਨੂੰ ਪਿਛਲੇ ਚਾਰ ਸਾਲਾਂ ਦੌਰਾਨ ਕਿੰਨੇ ਫੰਡ ਸਰਕਾਰ ਵੱਲੋਂ ਦੁਬਾਰਾ ਜਾਰੀ ਕੀਤੇ ਗਏ ਹਨ;ਪਿੰਡਾਂ ਵਾਈਜ਼ ਵੇਰਵਾ ਦਿੱਤਾ ਜਾਵੇ;

ਅ) ਉਪਰੋਕਤ ਜਾਰੀ ਕੀਤੇ ਫੰਡਾਂ ਨਾਲ ਕਿਹੜੇ ਕਿਹੜੇ ਕੰਮ ਸ਼ੁਰੂ ਕੀਤੇ ਗਏ ਅਤੇ ਜਿਨ੍ਹਾਂ ਪਿੰਡਾਂ ਵਿੱਚ ਕੰਮ ਸ਼ੁਰੂ ਨਹੀਂ ਹੋਏ, ਉਸ ਦੇ ਕੀ ਕਾਰਨ ਹਨ ; ਵੇਰਵੇ ਸਹਿਤ ਦੱਸਿਆ ਜਾਵੇ ?

**ਹਲਕਾ ਆਦਮਪੁਰ ਦੇ ਸੀਨੀਅਰ ਸੈਕੰਡਰੀ ਸਕੂਲਾਂ ਲਈ ਜਾਰੀ ਕੀਤੇ ਫੰਡਾਂ ਦੇ ਵੇਰਵੇ**

***1801(ਸੀ.ਯੂ.) ਸ. ਸੁਖਵਿੰਦਰ ਸਿੰਘ ਕੋਟਲੀ:-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ ਦੌਰਾਨ ਆਦਮਪੁਰ ਹਲਕੇ ਅੰਦਰ ਪੈਂਦੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਚੰਗੇ ਪ੍ਰਬੰਧਾਂ ਲਈ ਕਿੰਨੇ ਰੁਪਏ ਦੇ ਫੰਡ ਜਾਰੀ ਕੀਤੇ ਗਏ ਹਨ, ਉਹਨਾਂ ਵਿੱਚੋਂ ਕਿੰਨੇ ਸਕੂਲਾਂ ਦਾ ਕੰਮ ਮੁਕੰਮਲ ਹੋ ਚੁੱਕਿਆ ਹੈ ਅਤੇ ਜਿਹੜੇ ਸਕੂਲਾਂ ਵੱਲੋਂ ਫੰਡਾਂ ਦੀ ਵਰਤੋਂ ਨਹੀਂ ਕੀਤੀ ਗਈ, ਉਸ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ ?

**ਪੰਜਾਬ ਦੇ ਨਵੇਂ ਡਿਗਰੀ ਕਾਲਜਾਂ ਦੇ ਵੇਰਵੇ**

***1802(ਸੀ.ਯੂ.) ਸ. ਸੁਖਵਿੰਦਰ ਸਿੰਘ ਕੋਟਲੀ:-**

ਕੀ ਉੱਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਚਾਰ ਸਾਲਾਂ ਦੌਰਾਨ ਰਾਜ ਵਿੱਚ ਕਿਹੜੇ ਨਵੇਂ Degree ਕਾਲਜ ਬਣਾਏ ਗਏ ਹਨ; ਇਹਨਾਂ Degree ਕਾਲਜਾਂ ਲਈ ਹੁਣ ਤੱਕ ਕਿਨ੍ਹੀ ਰਕਮ ਜਾਰੀ ਕੀਤੀ ਗਈ ਹੈ, ਜਾਰੀ ਕੀਤੀ ਰਕਮ ਦੁਆਰਾ ਕਿੰਨਾਂ ਕੰਮ ਮੁਕੰਮਲ ਹੋ ਚੁੱਕਿਆ ਹੈ ਅਤੇ ਕਿੰਨਾ ਕੰਮ ਬਕਾਇਆ ਹੈ; ਵੇਰਵੇ ਸਹਿਤ ਦੱਸਿਆ ਜਾਵੇ ?

**ਆਦਮਪੁਰ ਦੇ ਪਿੰਡਾਂ ਦੇ ਖੇਡ ਸਟੇਡੀਅਮਾਂ ਦੀ ਉਸਾਰੀ ਕਰਨਾ**

***1803(ਸੀ.ਯੂ.) ਸ. ਸੁਖਵਿੰਦਰ ਸਿੰਘ ਕੋਟਲੀ:-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ ਦੌਰਾਨ ਆਦਮਪੁਰ ਹਲਕੇ ਅੰਦਰ ਕਿੰਨੇ ਪਿੰਡਾਂ ਲਈ ਖੇਡ-ਸਟੇਡੀਅਮਾਂ ਦੀ ਉਸਾਰੀ ਕੀਤੀ ਗਈ ਹੈ ਅਤੇ ਕਿੰਨੇ ਬਣਾਏ ਜਾਣੇ ਬਾਕੀ ਹੈ;

ਅ) ਇਨ੍ਹਾਂ ਖੇਡ-ਸਟੇਡੀਅਮਾਂ ਲਈ ਕਿੰਨੀ ਰਾਸ਼ੀ ਜਾਰੀ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ;

ੲ) ਜਿਹੜੇ ਪਿੰਡਾਂ ਵਿੱਚ ਅਜੇ ਤੱਕ ਸਟੇਡੀਅਮ ਨਹੀਂ ਬਣਾਏ ਗਏ, ਉਸ ਦੇ ਕੀ ਕਾਰਨ ਹਨ?

**ਹਲਕਾ ਸੁਲਤਾਨਪੁਰ ਲੋਧੀ ਵਿੱਚ ਹੜਾਂ ਕਾਰਨ ਹੋਏ ਨੁਕਸਾਨ ਦੇ ਵੇਰਵੇ**

***1805(ਸੀ.ਯੂ.) ਰਾਣਾ ਇੰਦਰ ਪ੍ਰਤਾਪ ਸਿੰਘ:-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਉਹ ਸਮਾਂ ਜਿਸ ਦੌਰਾਨ ਕਪੂਰਥਲਾ ਜ਼ਿਲ੍ਹੇ ਦੇ ਸੁਲਤਾਨਪੁਰ ਲੋਧੀ ਹਲਕਾ ਵਿੱਚ ਪਿਛਲੇ ਹੜਾਂ ਨੇ ਨਾਸ਼ਕਾਰੀ ਪ੍ਰਭਾਵ ਪਾਇਆ ਸੀ;

ਅ) ਉਕਤ ਹੜ੍ਹਾਂ ਕਾਰਨ ਵੱਖ-ਵੱਖ ਡੈਮਾਂ ਅਤੇ ਹੋਰ ਬੁਨਿਆਦੀ ਢਾਂਚੇ ਦਾ ਕਿੰਨਾ ਨੁਕਸਾਨ ਹੋਇਆ ਅਤੇ ਭਵਿੱਖ ਵਿੱਚ ਅਜਿਹੇ ਹੜਾਂ ਦੇ ਪ੍ਰਕੋਪ ਦਾ ਸਾਹਮਣਾ ਕਰਨ ਲਈ ਅਤੇ ਉਨ੍ਹਾਂ ਨੂੰ ਮਜ਼ਬੂਤ ਕਰਨ ਲਈ ਚੁੱਕੇ ਗਏ ਜਾਂ ਚੁੱਕੇ ਜਾ ਰਹੇ ਕਦਮਾਂ ਦੇ ਵੇਰਵੇ ਕੀ ਹਨ?

**ਬੁੱਕ ਬਾਈਂਡਰਾਂ/ਮਸ਼ੀਨ ਅਪਰੇਟਰਾਂ ਦੀਆਂ ਅਸਾਮੀਆਂ ਦੇ ਵੇਰਵੇ**

***1809(ਸੀ.ਯੂ.) ਰਾਣਾ ਗੁਰਜੀਤ ਸਿੰਘ:-**

ਕੀ ਪ੍ਰਿੰਟਿੰਗ ਅਤੇ ਸਟੇਸ਼ਨਰੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਵੰਬਰ 2023 ਵਿੱਚ ਬੁੱਕ ਬਾਈਂਡਰਾਂ/ਮਸ਼ੀਨ ਅਪਰੇਟਰਾਂ ਦੀਆਂ 269 ਅਸਾਮੀਆਂ ਕਰੀਏਟ ਕੀਤੀਆਂ ਗਈਆਂ ਸਨ; ਜੇਕਰ ਅਜਿਹਾ ਹੋਵੇ ਤਾਂ ਕੀ ਉਨ੍ਹਾਂ ਅਸਾਮੀਆਂ ਦੇ ਵਿਰੁੱਧ ਨਿਯੁਕਤੀਆਂ ਕਰ ਲਈਆਂ ਗਈਆਂ ਹਨ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ ?

**ਹਲਕਾ ਬਠਿੰਡਾ ਦਿਹਾਤੀ ਵਿਖੇ ਸਕਿੱਲ ਟ੍ਰੇਨਿੰਗ ਸੈਂਟਰ ਖੋਲ੍ਹਣਾ**

***1818(ਸੀ.ਯੂ.) ਸ੍ਰੀ ਅਮਿਤ ਰਤਨ ਕੋਟਫੱਤਾ:-**

ਕੀ ਰੋਜਗਾਰ ਉੱਤਪੱਤੀ ਅਤੇ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ-ਯੋਗ ਬਣਾਉਣ ਲਈ ਵੱਖ-ਵੱਖ ਸਕਿੱਲ ਡਿਵੈਲਪਮੈਂਟ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਪ੍ਰੰਤੂ ਹਲਕਾ ਬਠਿੰਡਾ ਦਿਹਾਤੀ ਵਿੱਚ ਕੋਈ ਵੀ ਸਥਾਈ ਸਕਿੱਲ ਟ੍ਰੇਨਿੰਗ ਸੈਂਟਰ ਉਪਲਬਧ ਨਹੀਂ ਹੈ;

ਅ) ਪਿਛਲੇ ਤਿੰਨ ਸਾਲਾਂ ਦੌਰਾਨ ਹਲਕਾ ਬਠਿੰਡਾ ਦਿਹਾਤੀ ਵਿੱਚ ਕਿੰਨੇ ਨੌਜਵਾਨਾਂ ਨੂੰ ਸਕਿੱਲ ਡਿਵੈਲਪਮੈਂਟ ਸਕੀਮਾਂ ਅਧੀਨ ਟ੍ਰੇਨਿੰਗ ਦਿੱਤੀ ਗਈ ਅਤੇ ਕਿੰਨੇ ਨੌਜਵਾਨਾਂ ਨੂੰ ਟ੍ਰੇਨਿੰਗ ਤੋਂ ਬਾਅਦ ਰੋਜਗਾਰ ਦਿੱਤਾ ਗਿਆ;

ੲ) ਚੱਲ ਰਹੀਆਂ ਸਕੀਮਾਂ ਦੇ ਨਾਮ ਅਤੇ ਖਰਚ ਕੀਤੀ ਰਕਮ ਕੀ ਹੈ;

ਸ) ਕੀ ਸਰਕਾਰ ਵੱਲੋਂ ਹਲਕਾ ਬਠਿੰਡਾ ਦਿਹਾਤੀ ਵਿੱਚ ਇੱਕ ਸਥਾਈ ਸਕਿੱਲ ਡਿਵੈਲਪਮੈਂਟ ਸੈਂਟਰ ਖੋਲ੍ਹਣ ਦੀ ਕੋਈ ਯੋਜਨਾ ਹੈ; ਜੇਕਰ ਹਾਂ ਤਾਂ ਕਦੋਂ ਤੱਕ; ਵੇਰਵੇ ਸਹਿਤ ਦੱਸਿਆ ਜਾਵੇ?

**ਰੋਪੜ ਦੀ ਡੀ.ਅਡਿਕਸ਼ਨ ਸੈਂਟਰ ਬਿਲਡਿੰਗ ਦੇ ਵੇਰਵੇ**

***1826(ਸੀ.ਯੂ.) ਸ੍ਰੀ ਦਿਨੇਸ਼ ਕੁਮਾਰ ਚੱਢਾ:-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰੋਪੜ ਵਿੱਚ ਕਰੋੜਾਂ ਰੁਪਏ ਖਰਚ ਕਰਕੇ ਬਣਾਈ ਗਈ ਡੀ.ਅਡਿਕਸ਼ਨ ਸੈਂਟਰ ਦੀ ਬਿਲਡਿੰਗ ਜੋ ਕਿ ਇੱਕ ਦਹਾਕੇ ਤੋਂ ਖੰਡਰ ਪਈ ਹੈ, ਜਿਸਤੇ ਡੀ.ਅਡਿਕਸ਼ਨ ਸੈਂਟਰ ਬਣਾਉਣ ਤੇ ਮਾਣਯੋਗ ਹਾਈਕੋਰਟ ਵਲੋਂ ਸਟੇਅ ਲਗਾ ਦਿੱਤਾ ਗਿਆ, ਨੂੰ ਕਿਸੇ ਯੋਗ ਵਰਤੋਂ ਚ ਲਿਆਉਣ ਦੀ ਕੋਈ ਯੋਜਨਾ ਹੈ; ਕੀ ਮਾਣਯੋਗ ਹਾਈਕੋਰਟ ਦੇ ਕੇਸ ਖਤਮ ਹੋਣ ਤੋਂ ਪਹਿਲਾਂ ਜਾਂ ਬਾਅਦ ਵਿੱਚ ਇਸ ਬਿਲਡਿੰਗ ਨੂੰ ਖੰਡਰ ਰੂਪ ਵਿੱਚ ਹੀ ਰੱਖਕੇ ਜਨਤਕ ਪੈਸੇ ਦੀ ਬਰਬਾਦੀ ਲਈ ਕਿਸੇ ਅਫਸਰ ਦੀ ਕੋਈ ਜਿੰਮੇਵਾਰੀ ਤੈਅ ਕੀਤੀ ਗਈ ਹੈ ?

**ਕਿਸਾਨਾਂ ਦੇ ਪੀੜਤ ਪਰਿਵਾਰਾਂ ਨੂੰ ਮੁਆਵਜਾ ਦੇਣਾ**

***1829(ਸੀ.ਯੂ.) ਸ੍ਰੀ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ:-**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਵਿੱਚ ਕਿਸਾਨਾਂ ਨਾਲ ਹੋਈਆਂ ਦੁਰਘਟਨਾਵਾਂ ਅਤੇ ਕਿਸਾਨਾਂ ਵੱਲੋਂ ਕਰਜੇ ਕਾਰਨ ਕੀਤੀਆਂ ਗਈਆਂ ਖੁਦਕੁਸ਼ੀਆਂ ਲਈ ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿੱਚ ਕੁੱਲ ਕਿੰਨੇ ਪੀੜਤ ਪਰਿਵਾਰਾਂ ਨੂੰ ਮੁਆਵਜਾ ਦਿੱਤਾ ਹੈ ਅਤੇ ਕਿੰਨੀ-ਕਿੰਨੀ ਰਾਸ਼ੀ ਜਾਰੀ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਬਰਨਾਲਾ ਸਿਵਲ ਹਸਪਤਾਲ ਵਿਖੇ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨਾ**

***1830(ਸੀ.ਯੂ.) ਸ੍ਰੀ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ:-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਰਨਾਲਾ ਸਿਵਲ ਹਸਪਤਾਲ ਵਿੱਚ ਲਗਭਗ 250 ਪਿੰਡਾਂ ਦੇ ਮਰੀਜ਼ ਆਉਂਦੇ ਹਨ ਪ੍ਰੰਤੂ ਉੱਥੇ ਡਾਕਟਰਾਂ ਦੀ ਬਹੁਤ ਘਾਟ ਕਾਰਣ ਮਰੀਜ਼ਾਂ ਨੂੰ ਖੱਜਲ ਖੁਆਰ ਹੋਣਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਇੱਥੇ ਡਾਕਟਰਾਂ ਦੀ ਘਾਟ ਨੂੰ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ ?

**ਬਰਨਾਲਾ ਵਿਖੇ ਕੈਨਾਲ ਵਾਟਰ ਸਿਸਟਮ ਨਾਲ ਜਲ ਸਪਲਾਈ ਮੁਹੱਈਆ ਕਰਾਉਣਾ**

***1832(ਸੀ.ਯੂ.) ਸ੍ਰੀ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਧਰਤੀ ਹੇਠਲਾ ਪਾਣੀ ਬਹੁਤ ਜ਼ਿਆਦਾ ਡੂੰਘਾ ਹੋਣ ਕਾਰਨ ਬਰਨਾਲਾ ਦੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਬਹੁਤ ਸਮੱਸਿਆ ਆ ਰਹੀ ਹੈ; ਜੇਕਰ ਅਜਿਹਾ ਹੈ ਤਾਂ ਕੀ ਬਰਨਾਲਾ ਅਤੇ ਹੰਢਿਆਇਆ ਸ਼ਹਿਰ ਦੇ ਲੋਕਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਉਣ ਲਈ ਸਰਕਾਰ ਕੈਨਾਲ ਵਾਟਰ ਸਿਸਟਮ ਬਣਾਉਣ ਦੀ ਕੋਈ ਯੋਜਨਾ ਬਣਾ ਰਹੀ ਹੈ; ਜੇਕਰ ਹਾਂ ਤਾਂ ਕਦੋਂ ਤੱਕ; ਵੇਰਵੇ ਸਹਿਤ ਦੱਸਿਆ ਜਾਵੇ?

**ਬਰਨਾਲਾ ਦੇ ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਸੀਵਰੇਜ਼ ਸਿਸਟਮ ਦਾ ਪ੍ਰਬੰਧ ਕਰਨਾ**

***1833(ਸੀ.ਯੂ.) ਸ੍ਰੀ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਇਹ ਠੀਕ ਹੈ ਕਿ ਬਰਨਾਲਾ ਸ਼ਹਿਰ ਅਤੇ ਬਰਨਾਲਾ ਜ਼ਿਲੇ ਅਧੀਨ ਪੈਂਦੇ ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਸੀਵਰੇਜ਼ ਸਿਸਟਮ ਦਾ ਬਹੁਤ ਬੁਰਾ ਹਾਲ ਹੈ, ਜਿਸ ਕਾਰਣ ਗੰਦਾ ਪਾਣੀ ਜਮ੍ਹਾਂ ਹੋਣ ਕਾਰਨ ਬਹੁਤ ਸਾਰੀਆਂ ਬਿਮਾਰੀਆਂ ਫੈਲ ਰਹੀਆਂ ਹਨ; ਜੇਕਰ ਅਜਿਹਾ ਹੈ ਤਾਂ ਇਸ ਸਬੰਧੀ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ;

ਅ) ਕੀ ਜੋ ਠੇਕੇਦਾਰ ਇਸ ਕੰਮ ਦੀ ਨਿਗਰਾਨੀ ਕਰਦਾ ਹੈ ਜੇਕਰ ਉਹ ਸਮੇਂ ਸਿਰ ਕੰਮ ਪੂਰਾ ਨਹੀਂ ਕਰਦਾ ਤਾਂ ਕੀ ਉਸ ਸਬੰਧੀ ਕੋਈ ਕਾਰਵਾਈ ਕੀਤੀ ਜਾਂਦੀ ਹੈ ?

**ਵਿਦਿਆਰਥੀਆਂ ਲਈ ਭਾਰਤੀ ਸੰਵਿਧਾਨ ਬਾਰੇ ਇੱਕ ਸਮਰਪਿਤ ਵਿਸ਼ਾ ਸ਼ੁਰੂ ਕਰਨਾ**

***1834(ਸੀ.ਯੂ.) ਡਾ. ਨਛੱਤਰ ਪਾਲ:-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਦੇ ਸਕੂਲੀ ਵਿਦਿਆਰਥੀਆਂ ਲਈ ਭਾਰਤੀ ਸੰਵਿਧਾਨ (ਖਾਸ ਕਰਕੇ ਮੌਲਿਕ ਅਧਿਕਾਰ, ਕਰਤੱਵ ਅਤੇ ਪ੍ਰਸਤਾਵਨਾ) ਬਾਰੇ ਇੱਕ ਸਮਰਪਿਤ ਵਿਸ਼ਾ ਜਾਂ ਲਾਜ਼ਮੀ ਮਾਡਿਊਲ ਸ਼ੁਰੂ ਕਰਨ ਲਈ ਸਰਕਾਰ ਦੀ ਕੋਈ ਯੋਜਨਾ ਹੈ; ਜੇਕਰ ਹਾਂ ਤਾਂ ਇਸ ਨੂੰ ਕਿਸ ਵਿਦਿਅਕ ਸੈਸ਼ਨ ਤੋਂ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਮੋਟਰ ਦਾ ਕੁਨੈਕਸ਼ਨ ਸਾਂਝੇ ਤੌਰ ਤੇ ਸਾਰੇ ਵਾਰਸਾਂ ਦੇ ਨਾਮ ਕਰਨਾ**

***1837(ਸੀ.ਯੂ.) ਸ. ਲਾਭ ਸਿੰਘ ਉਗੋਕੇ:-**

ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਿਸਾਨ ਜਾਂ ਕਿਸੇ ਵੀ ਖੇਤ ਦੇ ਮਾਲਕ ਦੀ ਜਮੀਨ ਜਦੋਂ ਉਸਦੇ ਮਰਨ ਤੋਂ ਬਾਅਦ ਵਾਰਸਾਂ ਨੂੰ ਤਕਸੀਮ ਹੋ ਜਾਂਦੀ ਹੈ ਤਾਂ ਉਸ ਜਮੀਨ ਵਿੱਚ ਲੱਗੀ ਮੋਟਰ ਸਿਰਫ ਇੱਕ ਪਰਿਵਾਰਿਕ ਮੈਂਬਰ ਦੇ ਨਾਮ ਤੇ ਹੀ ਰਹਿ ਜਾਂਦੀ ਹੈ ਜਿਸ ਸਬੰਧੀ ਕੋਈ ਨਿਯਮ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਬਾਕੀ ਦੇ ਵਾਰਸਾਂ ਦੇ ਕਾਨੂੰਨੀ ਹੱਕ ਅਤੇ ਲੋੜ ਨੂੰ ਵੇਖਦੇ ਹੋਏ ਮੋਟਰ ਦਾ ਕੁਨੈਕਸ਼ਨ ਵੀ ਸਾਂਝੇ ਤੌਰ ਤੇ ਸਾਰੇ ਵਾਰਸਾਂ ਦੇ ਨਾਮ ਉੱਤੇ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਨਿੱਜੀ ਸਕੂਲਾਂ ਲਈ ਨਿਯਮ ਬਣਾਉਣਾ**

***1839(ਸੀ.ਯੂ.) ਸ੍ਰੀ ਬਲਕਾਰ ਸਿੰਘ ਸਿੱਧੂ:-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੂਬੇ ਵਿੱਚ ਨਿੱਜੀ ਸਕੂਲਾਂ ਵੱਲੋਂ ਹਰ ਸਾਲ ਕਿਤਾਬਾਂ ਬਦਲ ਕੇ ਮਾਪਿਆਂ ਉੱਤੇ ਬੇਵਜਹ ਆਰਥਿਕ ਬੋਝ ਪਾਇਆ ਜਾਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਪ੍ਰਥਾ ਨੂੰ ਰੋਕਣ ਲਈ ਸਰਕਾਰ ਵੱਲੋਂ ਕੋਈ ਨਿਯਮ ਬਣਾਏ ਗਏ ਹਨ ਅਤੇ ਉਲੰਘਣਾ ਕਰਨ ਵਾਲੇ ਸਕੂਲਾਂ ਖਿਲਾਫ ਕੋਈ ਕਾਰਵਾਈ ਕੀਤੀ ਗਈ ਹੈ?

**ਬਰਨਾਲਾ ਸਿਵਲ ਹਸਪਤਾਲ ਵਿੱਚ ਬਲੱਡ ਬੈਂਕ ਅਤੇ ਬੱਚਿਆਂ ਦੀ ਨਰਸਰੀ ਦੁਬਾਰਾ ਸ਼ੁਰੂ ਕਰਨਾ**

***1843(ਸੀ.ਯੂ.) ਸ਼੍ਰੀ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ:-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਰਨਾਲਾ ਜ਼ਿਲ੍ਹੇ ਦੇ ਸਿਵਲ ਹਸਪਤਾਲ ਵਿੱਚ ਬਲੱਡ ਬੈਂਕ ਅਤੇ ਬੱਚਿਆਂ ਦੀ ਨਰਸਰੀ ਲੰਮੇ ਸਮੇਂ ਤੋਂ ਬੰਦ ਪਏ ਹਨ; ਜੇਕਰ ਅਜਿਹਾ ਹੈ ਤਾਂ ਬਲੱਡ ਬੈਂਕ ਅਤੇ ਬੱਚਿਆਂ ਦੀ ਨਰਸਰੀ ਦੁਬਾਰਾ ਕਦੋਂ ਤੱਕ ਸ਼ੁਰੂ ਕਰ ਦਿੱਤੇ ਜਾਣਗੇ?

**ਪ੍ਰਾਇਮਰੀ ਸਕੂਲ ਦੀ ਨਵੀਂ ਬਿਲਡਿੰਗ ਬਣਾਉਣ ਲਈ ਗ੍ਰਾਂਟ ਜਾਰੀ ਕਰਨਾ**

***1853(ਸੀ.ਯੂ.) ਪ੍ਰਿੰਸੀਪਲ ਬੁੱਧ ਰਾਮ:-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਬੁਢਲਾਡਾ ਸ਼ਹਿਰ ਦੇ ਵਾਰਡ ਨੰਬਰ 2 ਵਿੱਚ ਸਰਕਾਰੀ ਪ੍ਰਾਇਮਰੀ (ਪਿੱਪਲ ਵਾਲਾ )ਸਕੂਲ ਦੀ ਬਿਲਡਿੰਗ ਖਰਾਬ ਹੋ ਗਈ ਸੀ, ਜਿਸ ਨੂੰ ਮਹਿਕਮੇਂ ਨੇ ਅਨਸੇਫ ਕਰਾਰ ਦਿੱਤਾ ਹੈ;

ਅ) ਕੀ ਇਹ ਵੀ ਠੀਕ ਹੈ ਕਿ ਨਵਾਂ ਸਕੂਲ ਬਣਾਉਣ ਲਈ ਨਗਰ ਕੌਂਸਲ ਨੇ ਮਤਾ ਪਾਸ ਕਰਕੇ ਲਗਭਗ ਢਾਈ ਏਕੜ ਜਮੀਨ ਦਿੱਤੀ ਸੀ ਜਿਸ ਦੀ ਚਾਰ ਦੀਵਾਰੀ ਵੀ ਬਣ ਗਈ ਹੈ;

ੲ) ਜੇਕਰ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸਰਕਾਰ ਇਸ ਪ੍ਰਾਇਮਰੀ ਸਕੂਲ ਦੀ ਨਵੀਂ ਬਿਲਡਿੰਗ ਬਣਾਉਣ ਲਈ ਲੋੜੀਂਦੀ ਗਰਾਂਟ ਜਾਰੀ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ ?

**ਬੁਢਲਾਡਾ ਰਜਵਾਹਾ ਨਵਾਂ ਕੰਕਰੀਟ ਅਧਾਰਿਤ ਬਣਾਉਣ ਲਈ ਗ੍ਰਾਂਟ ਜਾਰੀ ਕਰਨਾ**

***1854(ਸੀ.ਯੂ.) ਪ੍ਰਿੰਸੀਪਲ ਬੁੱਧ ਰਾਮ:-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਬੁਢਲਾਡਾ ਵਿੱਚ ਬੁਢਲਾਡਾ ਰਜਵਾਹਾ ਦੀ ਹਾਲਤ ਬਹੁਤ ਮਾੜੀ ਹੈ ਜਿਸ ਕਰਕੇ ਨਹਿਰੀ ਪਾਣੀ ਦੀ ਸਪਲਾਈ ਲੋੜੀਂਦੀ ਮਾਤਰਾ ਨਾਲੋਂ ਘੱਟ ਹੋਣ ਕਰਕੇ ਕਿਸਾਨਾਂ ਨੂੰ ਲੋੜੀਂਦਾ ਨਹਿਰੀ ਪਾਣੀ ਨਹੀਂ ਮਿਲਦਾ; ਜੇਕਰ ਅਜਿਹਾ ਹੈ ਤਾਂ ਬੁਢਲਾਡਾ ਰਜਵਾਹਾ ਨਵਾਂ ਕੰਕਰੀਟ ਅਧਾਰਿਤ ਬਣਾਉਣ ਲਈ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਿੰਨੇ ਸਮੇਂ ਤੱਕ ਗ੍ਰਾਂਟ ਜਾਰੀ ਹੋਵੇਗੀ; ਵੇਰਵੇ ਸਹਿਤ ਦੱਸਿਆ ਜਾਵੇ ?

**ਹਲਕਾ ਬੁਢਲਾਡਾ ਦੇ ਡਰੇਨਾਂ ਤੇ ਪੁਲ ਬਣਾਉਣਾ**

***1855(ਸੀ.ਯੂ.) ਪ੍ਰਿੰਸੀਪਲ ਬੁੱਧ ਰਾਮ:-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਡਰੇਨਾਂ ਦੇ ਪੁਲ ਨਾ ਬਣਨ ਕਰਕੇ ਹੜ੍ਹਾਂ ਦਾ ਪਾਣੀ ਪਿੰਡਾਂ ਅਤੇ ਖੇਤਾਂ ਵਿੱਚ ਭਰ ਜਾਣ ਕਰਕੇ ਮਾਲੀ ਨੁਕਸਾਨ ਹੋ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਹੇਠ ਲਿਖੇ ਡਰੇਨਾਂ ਦੇ ਪੁੱਲ ਬਣਾਉਣ ਦੀ ਕੋਈ ਤਜਵੀਜ ਹੈ:-

**1.** ਪਿੱਪਲੀਆਂ ਪਿੰਡ ਕੋਲ ਡਰੇਨ ਦਾ ਪੁਲ ਉੱਚਾ ਕਰਕੇ ਬਣਾਉਣਾ;

**2.** ਹੀਰੋ ਖੁਰਦ ਕੋਲ ਸਤੌਜ ਵਾਲੀ ਡਰੇਨ ਤੇ ਪੁਲ ਬਣਾਉਣਾ ;

**3.** ਖੱਤਰੀ ਵਾਲਾ ਤੋਂ ਬਹਾਦਰਪੁਰ ਦੇ ਵਿੱਚਕਾਰ ਲਿੰਕ ਡਰੇਨ ਦਾ ਪੁਲ ਬਣਾਉਣਾ ;

**4.** ਧਰਮਪੁਰਾ ਕੋਲ ਲਿੰਕ ਡਰੇਨ ਤੇ ਪੁਲ ਬਣਾਉਣਾ ?

**ਚੰਡੀਗੜ੍ਹ - 160001** **(ਰਾਮ ਲੋਕ ਖਟਾਣਾ)**

**ਮਿਤੀ :-19 ਜੂਨ 2026 ਸ਼ੁੱਕਰਵਾਰ** **ਸਕੱਤਰ**

**ਪੰਜਾਬ ਵਿਧਾਨ ਸਭਾ**